# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ ਐਸ ਈ ਬੀ ਕੰਪਲੈਕਸ, ਵਿੱਦਿਆ ਭਵਨ, ਬਲਾਕ ਈ, ਛੇਵੀਂ ਮੰਜ਼ਿਲ ਫੇਜ਼-8, ਮੋਹਾਲੀ.

ਈ ਮੇਲ: directorscert@punjabeducation.gov.in, ਫੋਨ ਨੰ: 0172 2212221


ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.),
ਸਮੂਹ ਸਕੂਲ ਮੁਖੀ (ਵੈੱਬਸਾਈਟ ਰਾਹੀਂ)
ਪੰਜਾਬ।

ਮੀਮੋ ਨੰ. 491954/SCERT, QP/UP/2024-162880
ਮਿਤੀ: ਐੱਸ.ਏ.ਐੱਸ. ਨਗਰ, 08-07-2024

**ਵਿਸ਼ਾ: ਸੈਸ਼ਨ 2024-25 ਦੌਰਾਨ ਛੇਵੀਂ ਤੋਂ ਬਾਰ੍ਹਵੀਂ ਜਮਾਤਾਂ ਲਈ Bimonthly Test-1 ਸੰਬੰਧੀ।**

1.0. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0. ਸੈਸ਼ਨ 2024-25 ਲਈ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ 6ਵੀਂ ਤੋਂ 12ਵੀਂ ਜਮਾਤਾਂ ਦੇ ਵਿਦਿਆਰਥੀਆਂ ਲਈ Bimonthly Test-1 ਮਿਤੀ 10-07-2024 ਤੋਂ 20-07-2024 ਤੱਕ ਹੇਠ ਲਿਖੇ ਅਨੁਸਾਰ ਲਿਆ ਜਾਣਾ ਹੈ:

2.1. Bimonthly Test-1 ਸਕੂਲ ਮੁੱਖੀ ਆਪਣੇ ਪੱਧਰ ਤੇ ਡੇਟਸ਼ੀਟ ਤਿਆਰ ਕਰਕੇ 6ਵੀਂ ਤੋਂ 12ਵੀਂ (all streams) ਜਮਾਤਾਂ ਲਈ ਕਰਵਾਉਣਗੇ।

2.2. ਨੌਵੀਂ ਤੋਂ ਬਾਰ੍ਹਵੀਂ ਜਮਾਤਾਂ ਦਾ Bimonthly Test-1 ਅਪ੍ਰੈਲ ਅਤੇ ਮਈ ਦੇ ਸਿਲੇਬਸ ਵਿੱਚੋਂ ਲਿਆ ਜਾਵੇਗਾ।

2.3. ਛੇਵੀਂ ਤੋਂ ਅੱਠਵੀਂ ਜਮਾਤਾਂ ਦਾ **ਕੇਵਲ ਪੰਜਾਬੀ, ਅੰਗ੍ਰੇਜੀ ਅਤੇ ਗਣਿਤ ਵਿਸ਼ਿਆਂ ਦਾ Bimonthly Test-1 ਬਾਅਦ ਵਿੱਚ ਮਿਸ਼ਨ ਸਮਰੱਥ ਦੀ ਐਂਡ-ਲਾਈਨ ਟੈਸਟਿੰਗ ਦੇ ਨਾਲ ਮਿਸ਼ਨ ਸਮਰੱਥ ਤਹਿਤ ਕਰਵਾਏ ਗਏ ਸਿਲੇਬਸ** ਵਿੱਚੋਂ ਲਿਆ ਜਾਵੇ। ਜਦਕਿ ਛੇਵੀਂ ਤੋਂ ਅੱਠਵੀਂ ਜਮਾਤਾਂ ਦੇ ਬਾਕੀ ਵਿਸ਼ਿਆਂ ਦਾ Bimonthly Test-1 ਅਪ੍ਰੈਲ ਅਤੇ ਮਈ ਦੇ ਸਿਲੇਬਸ ਵਿੱਚੋਂ ਮਿਤੀ 10-07-2024 ਤੋਂ 20-07-2024 ਤੱਕ ਲਿਆ ਜਾਵੇਗਾ।

2.4. ਇਸ ਟੈਸਟ ਲਈ ਪ੍ਰਸ਼ਨ ਪੱਤਰ ਸਕੂਲ ਮੁੱਖੀ ਸੰਬੰਧਤ ਵਿਸ਼ਾ ਅਧਿਆਪਕ ਤੋਂ ਤਿਆਰ ਕਰਵਾਉਣਗੇ। ਇਹ ਟੈਸਟ ਕੁੱਲ 20 ਅੰਕਾਂ ਦਾ ਹੋਵੇਗਾ ਅਤੇ ਅਧਿਆਪਕਾਂ ਵੱਲੋਂ ਵਿਸ਼ੇ ਦੇ ਆਪਣੇ ਪੀਰੀਅਡ ਦੌਰਾਨ ਹੀ ਲਿਆ ਜਾਵੇਗਾ।

2.5. ਇਹ ਧਿਆਨ ਰੱਖਿਆ ਜਾਵੇ ਕਿ ਛੇਵੀਂ ਤੋਂ ਅੱਠਵੀਂ ਜਮਾਤਾਂ ਦਾ ਕੋਈ ਵੀ Bimonthly Test ਮਿਸ਼ਨ ਸਮਰੱਥ ਲਈ ਦਿੱਤੇ ਪੀਰੀਅਡਾਂ ਵਿੱਚ ਨਾ ਲਿਆ ਜਾਵੇ।

2.6. Bimonthly Test-1 ਦੀਆਂ ਉੱਤਰ ਪੱਤਰੀਆਂ ਚੈੱਕ ਕਰਨ ਉਪਰੰਤ ਇਸ ਦਾ ਪੂਰਾ ਰਿਕਾਰਡ ਵਿਸ਼ਾ-ਵਾਰ, ਜਮਾਤ-ਵਾਈਜ਼ ਅਤੇ ਵਿਦਿਆਰਥੀ-ਵਾਈਜ਼ ਸਕੂਲ ਪੱਧਰ ਤੇ ਰੱਖਿਆ ਜਾਵੇਗਾ।

2.7. ਸਕੂਲ ਮੁੱਖੀ ਵੱਲੋਂ ਇਸ ਟੈਸਟ ਦਾ ਨਤੀਜਾ ਟੈਸਟ ਮੁਕੰਮਲ ਹੋਣ ਉਪਰੰਤ 10 ਦਿਨ ਦੇ ਅੰਦਰ ਅੰਦਰ ਤਿਆਰ ਕਰਵਾ ਲਿਆ ਜਾਵੇ।

3.0. ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

(ਡਾ. ਅਮਨਦੀਪ ਕੌਰ)
ਸਹਾਇਕ ਡਾਇਰੈਕਟਰ,
ਐਸ.ਸੀ.ਈ.ਆਰ.ਟੀ., ਪੰਜਾਬ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਪਟਿਆਲਾ,
ਪਿੱਠ ਅੰਕਣ ਨੰ ਡੀ/ 2024/1025 ਮਿਤੀ 09/07/24

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

9/7/24
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਪਟਿਆਲਾ
09/08/24